**ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ. ਏ. ਐਸ. ਨਗਰ**
**(ਅਮਲਾ – 2 ਸ਼ਾਖਾ)**
**ਨੋਟਿਸ**

ਮਿਤੀ : 24.11.2018

1.0 ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਸਰਵ ਸਿੱਖਿਆ ਅਭਿਆਨ / ਰਾਸ਼ਟਰੀ ਮਾਧਿਮਿਕ ਸਿੱਖਿਆ ਅਭਿਆਨ (ਆਦਰਸ਼ ਅਤੇ ਮਾਡਲ ਸਕੂਲਾ ਸਮੇਤ) ਅਧੀਨ ਕੰਮ ਕਰ ਰਹੇ ਕਰਮਚਾਰੀਆਂ ਨੂੰ ਸਿੱਖਿਆ ਵਿਭਾਗ ਸ਼ਾਮਿਲ / ਸਮਲਿਤ ਕਰਨ ਦਾ ਫੈਸਲਾ ਮਿਤੀ 09.10.2018 ਰਾਹੀਂ ਅਧਿਸੂਚਿਤ ਕੀਤਾ ਗਿਆ ਸੀ। ਇਸ ਫੈਸਲੇ ਦੀ ਪਾਲਣਾ ਹਿੱਤ ਸਿੱਖਿਆ ਵਿਭਾਗ ਵੱਲੋਂ ਵੱਖ ਵੱਖ ਮਿਤੀਆਂ ਨੂੰ ਜਿਨ੍ਹਾਂ ਕਰਮਚਾਰੀਆਂ ਵੱਲੋਂ ਵਿਭਾਗ ਵਿੱਚ ਸ਼ਾਮਿਲ / ਸਮਲਿਤ ਹੋਣ ਲਈ ਆਪਸ਼ਨ ਦਿੱਤੀ ਗਈ, ਉਨ੍ਹਾਂ ਨੂੰ ਵਿਭਾਗ ਵਿੱਚ ਸ਼ਾਮਿਲ/ਸਮਲਿਤ ਕਰਦੇ ਹੋਏ ਨਿਯੁਕਤੀ ਪੱਤਰ ਦੇ ਹੁਕਮ ਦਿੱਤੇ ਜਾ ਰਹੇ ਹਨ।

2.0 **ਹੁਣ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਵਿਭਾਗ ਵਿੱਚ ਸ਼ਾਮਿਲ / ਸਮਲਿਤ ਹੋਣ ਲਈ ਕਰਮਚਾਰੀਆਂ ਵੱਲੋਂ ਆਪਣੀ ਆਪਸ਼ਨ ਦੇਣ ਦੀ ਆਖਰੀ ਮਿਤੀ 30.11.2018 ਰਾਤ 12.00 ਵਜੇ ਤੱਕ ਹੋਵੇਗੀ। ਇਸ ਉਪਰੰਤ ਵਿਭਾਗ ਵੱਲੋਂ ਆਪਸ਼ਨ ਦੇਣ ਦੀ ਚਾਲੂ ਪ੍ਰੀਕ੍ਰਿਆ ਬੰਦ ਕਰ ਦਿੱਤੀ ਜਾਵੇਗੀ ਅਤੇ ਉਕਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀਆ ਦਰਖਾਸਤਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।**

3.0 ਇਸੇ ਕੜੀ ਤਹਿਤ ਵਿਭਾਗ ਵੱਲੋਂ ਮਿਤੀ 22.11.2018 ਨੂੰ ਵੈਬ ਸਾਈਟ ਰਾਹੀਂ ਨੋਟਿਸ ਦਿੰਦੇ ਹੋਏ ਉਨ੍ਹਾਂ ਕਰਮਚਾਰੀਆਂ ਨੂੰ, ਜਿਨ੍ਹਾ ਵੱਲੋਂ ਮਿਤੀ 27.11.2018 ਤੱਕ ਵਿਭਾਗ ਵਿੱਚ ਸ਼ਾਮਿਲ / ਸਮਲਿਤ ਹੋਣ ਲਈ ਆਪਸ਼ਨ ਦਿੱਤੀ ਜਾਵੇਗੀ, ਵਿਭਾਗ ਵਿੱਚ ਸ਼ਾਮਿਲ ਹੋਣ ਦੇ ਨਿਯੁਕਤੀ ਦੇ ਹੁਕਮ ਮਿਤੀ 27.11.2018 ਨੂੰ ਦੇਣ ਬਾਰੇ ਸੂਚਿਤ ਵੀ ਕੀਤਾ ਗਿਆ ਹੈ।

4.0 ਹੁਣ ਸਰਕਾਰ ਵੱਲੋਂ ਪੈਰਾ ਨੰ: 2.0 ਵਿੱਚ ਦਰਸਾਏ ਫੈਸਲੇ ਦੇ ਮੱਦੇਨਜ਼ਰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 27.11.2018 ਤੋਂ ਬਾਅਦ ਵਿਭਾਗ ਵਿੱਚ ਸ਼ਾਮਿਲ/ਸਮਲਿਤ ਹੋਣ ਲਈ ਆਪਸ਼ਨ ਦੇਣ ਵਾਲੇ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਦੇਣ ਦੀ ਕਾਰਵਾਈ ਲਗਾਤਾਰ ਜਾਰੀ ਰਹੇਗੀ। ਜੋ ਕਰਮਚਾਰੀ ਮਿਤੀ 27.11.2018 ਨੂੰ ਸ਼ਾਮ 4.00 ਵਜੇ ਤੋਂ ਬਾਅਦ ਵਿਭਾਗ ਵਿੱਚ ਸ਼ਾਮਿਲ ਹੋਣ ਦੀ ਆਪਸ਼ਨ ਦੇਣਗੇ ਉਨ੍ਹਾਂ ਨੂੰ ਨਿਯੁਕਤੀ ਪੱਤਰ ਮਿਤੀ 28.11.2018 ਨੂੰ ਦਿੱਤੇ ਜਾਣਗੇ। ਇਸੇ ਤਰ੍ਹਾਂ ਮਿਤੀ 28.11.2018 ਨੂੰ ਰਾਤ 12.00 ਵਜੇ ਤੱਕ ਵਿਭਾਗ ਵਿੱਚ ਸ਼ਾਮਿਲ ਹੋਣ ਲਈ ਆਪਸ਼ਨ ਦੇਣ ਵਾਲੇ ਕਰਮਚਾਰੀਆਂ ਨੂੰ ਮਿਤੀ 29.11.2018 ਨੂੰ ਨਿਯੁਕਤੀ ਦੇ ਹੁਕਮ ਦਿੱਤੇ ਜਾਣਗੇ। ਮਿਤੀ 29.11.2018 ਨੂੰ ਰਾਤ 12.00 ਵਜੇ ਤੱਕ ਵਿਭਾਗ ਵਿੱਚ ਸ਼ਾਮਿਲ ਹੋਣ ਲਈ ਆਪਸ਼ਨ ਦੇਣ ਵਾਲੇ ਕਰਮਚਾਰੀਆਂ ਨੂੰ ਮਿਤੀ 30.11.2018 ਨੂੰ ਨਿਯੁਕਤੀ ਦੇ ਹੁਕਮ ਦਿੱਤੇ ਜਾਣਗੇ। ਮਿਤੀ 30.11.2018 ਨੂੰ ਰਾਤ 12.00 ਵਜੇ ਤੱਕ ਵਿਭਾਗ ਵਿੱਚ ਸ਼ਾਮਿਲ ਹੋਣ ਲਈ ਆਪਸ਼ਨ ਦੇਣ ਵਾਲੇ ਕਰਮਚਾਰੀਆਂ ਨੂੰ ਮਿਤੀ 01.12.2018 ਨੂੰ ਨਿਯੁਕਤੀ ਦੇ ਹੁਕਮ ਦਿੱਤੇ ਜਾਣਗੇ। ਨਿਯੁਕਤੀ ਹੁਕਮ ਦੇਣ ਸਬੰਧੀ ਮੁਕੰਮਲ ਕਾਰਵਾਈ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕ;, ਈ-ਬਲਾਕ, ਫੇਜ਼-8, ਸ:ਅ:ਸ: ਨਗਰ ਦੀ ਦੂਜੀ ਮੰਜਿਲ ਦੇ ਆਡੀਟੋਰੀਅਮ ਵਿੱਚ ਕੀਤੀ ਜਾਵੇਗੀ।

24/x1/18

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।